BC Cancer Agency
CARE + RESEARCH
An agency of the Provincial Health Services Authority

Hereditary Cancer Program

# ਕੀ ਕੈਂਸਰ ਮੇਰੇ ਖ਼ਾਨਦਾਨ ਵਿੱਚ ਚਲਦਾ ਹੈ?

## ਪੁਸ਼ਤੈਨੀ ਕੈਂਸਰ: ਵਧੇਰੇ ਜਾਣੋ, ਘੱਟ ਚਿੰਤਾ ਕਰੋ





*ਇਹ ਜਾਣਨਾ ਇੱਕ ਬਹੁਤ ਵੱਡੀ ਰਾਹਤ ਹੈ ਕਿ ਛਾਤੀ ਦਾ ਕੈਂਸਰ ਮੇਰੇ ਪਰਿਵਾਰ ਵਿੱਚ ਪੁਸ਼ਤੈਨੀ ਬਿਮਾਰੀ ਨਹੀਂ ਹੈ। ਪਹਿਲਾਂ ਮੈਂ ਇੰਨੀ ਫ਼ਿਕਰਮੰਦ ਸੀ ਕਿ ਮੈਂ ਜਾਂਚ ਲਈ ਵੀ ਨਹੀਂ ਗਈ ਸੀ।*

### ਕੈਂਸਰ ਕੀ ਹੁੰਦਾ ਹੈ?

ਕੈਂਸਰ ਸਾਡੇ ਜੀਨਜ਼ (ਜਣਨਕ) ਵਿੱਚ ਹੋਣ ਵਾਲੀਆਂ ਤਬਦੀਲੀਆਂ (ਜਿਸ ਨੂੰ ਮਿਊਟੇਸ਼ਨ ਕਿਹਾ ਜਾਂਦਾ ਹੈ) ਕਾਰਣ ਹੁੰਦਾ ਹੈ। ਜੀਨਜ਼ ਇਹ ਕਾਬੂ ਕਰਨ ਵਿੱਚ ਸਹਾਈ ਹੁੰਦੇ ਹਨ ਕਿ ਸਾਡੇ ਸਰੀਰ ਵਿੱਚ ਸੈੱਲ ਕਿਵੇਂ ਤਕਸੀਮ ਅਤੇ ਵਿਕਸਿਤ ਹੁੰਦੇ ਹਨ। ਜਦੋਂ ਜੀਨਜ਼ ਦੀ ਮਿਊਟੇਸ਼ਨ ਹੋ ਜਾਂਦੀ ਹੈ ਤਾਂ ਇਹ ਕਾਬੂ ਠੀਕ ਨਹੀਂ ਰਹਿੰਦਾ। ਇਸ ਦੇ ਨਤੀਜੇ ਵਜੋਂ ਸੈੱਲ ਅਸਾਧਾਰਣ ਢੰਗ ਨਾਲ ਤਕਸੀਮ ਅਤੇ ਵਿਕਸਿਤ ਹੁੰਦੇ ਹਨ ਅਤੇ ਕੈਂਸਰ ਦਾ ਰੂਪ ਧਾਰਨ ਕਰ ਸਕਦੇ ਹਨ। ਜੀਨਜ਼ ਦੀਆਂ ਅਨੇਕਾਂ ਮਿਊਟੇਸ਼ਨਜ਼ ਤੋਂ ਬਾਅਦ ਕੈਂਸਰ ਵਿਕਸਿਤ ਹੁੰਦਾ ਹੈ। ਇਸੇ ਕਾਰਣ ਬਹੁਤੇ ਕੈਂਸਰ 60 ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਵਿੱਚ ਵਿਕਸਿਤ ਹੁੰਦੇ ਹਨ।

**ਹਰ 10 ਵਿੱਚੋਂ ਲਗਭਗ 7 ਕੈਂਸਰ 60 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਲੋਕਾਂ ਵਿੱਚ ਹੁੰਦੇ ਹਨ। ਹਰ 10 ਵਿੱਚੋਂ 1 ਤੋਂ ਵੀ ਘੱਟ ਕੈਂਸਰ ਪੁਸ਼ਤੈਨੀ ਕਾਰਣਾਂ ਕਰਕੇ ਹੁੰਦਾ ਹੈ।**



*ਮੇਰਾ ਪਰਿਵਾਰ ਮਹੱਤਵਪੂਰਣ ਹੈ। ਮੈਂ ਉਹ ਕਰਨਾ ਚਾਹੁੰਦੀ ਹਾਂ ਜੋ ਉਨ੍ਹਾਂ ਲਈ ਸਹੀ ਹੈ। ਜਾਣਕਾਰੀ ਹਾਸਲ ਕਰਨਾ ਅਜਿਹਾ ਕਾਰਜ ਹੈ ਜੋ ਮੈਂ ਕਰ ਸਕਦੀ ਹਾਂ।*

### ਮੈਨੂੰ ਵਧੇਰੇ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

ਆਪਣੇ ਡਾਕਟਰ ਨਾਲ ਕੈਂਸਰ ਦੇ ਆਪਣੇ ਪਰਿਵਾਰਕ ਪਿਛੋਕੜ ਦਾ ਨਿਰੀਖਣ ਕਰੋ।

### ਪੁਸ਼ਤੈਨੀ ਕੈਂਸਰ ਸੰਬੰਧੀ ਸਵਾਲਾਂ ਲਈ:

ਹੇਰੀਡਿਟਰੀ ਕੈਂਸਰ ਪ੍ਰੋਗਰਾਮ ਨੂੰ ਕਾਲ ਕਰੋ 604.877.6000, ਲੋਕਲ 2325

ਬੀ.ਸੀ. ਕੈਂਸਰ ਏਜੰਸੀ ਦੀ ਵੈੱਬਸਾਈਟ 'ਤੇ ਜਾਓ www.bccancer.bc.ca/hereditarycancer

### ਕੈਂਸਰ ਸੰਬੰਧੀ ਸਾਧਾਰਣ ਜਾਣਕਾਰੀ ਲਈ:

ਕਨੇਡੀਅਨ ਕੈਂਸਰ ਸੋਸਾਇਟੀ ਦੀ ਕੈਂਸਰ ਇਨਫ਼ਾਰਮੇਸ਼ਨ ਸਰਵਿਸ ਨੂੰ ਕਾਲ ਕਰੋ 1.888.939.3333

ਕਨੇਡੀਅਨ ਕੈਂਸਰ ਸੋਸਾਇਟੀ ਦੀ ਵੈੱਬਸਾਈਟ 'ਤੇ ਜਾਓ www.cancer.ca

ਬੀ.ਸੀ. ਕੈਂਸਰ ਏਜੰਸੀ ਦੀ ਵੈੱਬਸਾਈਟ 'ਤੇ ਜਾਓ www.bccancer.bc.ca

BC Cancer Agency
CARE + RESEARCH
An agency of the Provincial Health Services Authority
Hereditary Cancer Program

600 West 10th Ave
Vancouver, BC, V5Z 4E6
604.877.6000 ਲੋਕਲ 2198
1.800.663.3333 (ਬੀ.ਸੀ. ਵਿੱਚ)


March 2009

BC Cancer Agency | Hereditary Cancer Program
CARE + RESEARCH
An agency of the Provincial Health Services Authority
www.bccancer.bc.ca/hereditarycancer

## ਮੇਰੀ ਵੰਸ਼ਾਵਲੀ

ਮੇਰਾ ਦਾਦਕਾ ਪਰਿਵਾਰ:

ਮੇਰਾ ਨਾਨਕਾ ਪਰਿਵਾਰ:




ਭਰੇ ਜਾਣ ਦੀ ਤਾਰੀਖ਼ (ਦਿਨ/ਮਹੀਨਾ/ਸਾਲ): ____________

- **ਇਸ ਫ਼ਾਰਮ ਦੀ ਵਰਤੋਂ ਕਰੋ ਜਾਂ** ਕਿਸੇ ਕਾਗਜ਼ 'ਤੇ ਇਸ ਦੀ **ਨਕਲ ਉਤਾਰੋ।**
- **ਲੋੜ ਮੁਤਾਬਕ ਖਾਨੇ ਵਧਾਓ, ਘਟਾਓ ਜਾਂ ਉਨ੍ਹਾਂ ਵਿੱਚ ਤਬਦੀਲੀਆਂ ਕਰੋ।** ਕੈਂਸਰ ਨਾਲ ਪੀੜਤ ਹੋਰ ਰਿਸ਼ਤੇਦਾਰ ਸ਼ਾਮਲ ਕਰੋ (ਚਚੇਰੇ, ਫਫੇਰੇ ਜਾਂ ਮੌਸੇਰੇ ਭਰਾ/ਭੈਣਾਂ, ਸੰਤਾਨ, ਆਦਿ।) ਆਪਣੀ ਜਾਣਕਾਰੀ ਮੁਤਾਬਕ **ਖਾਨਿਆਂ ਨੂੰ ਠੀਕ ਤਰ੍ਹਾਂ ਭਰੋ।**
- **ਕੈਂਸਰ ਦੀ ਕਿਸਮ ਅਤੇ ਜਿਹੜੀ ਉਮਰ** ਵਿੱਚ ਉਸ ਦੀ ਤਸ਼ਖੀਸ ਕੀਤੀ ਗਈ ਸੀ ਬਹੁਤ ਮਹੱਤਵਪੂਰਣ ਹਨ।
- ਜੇ ਤੁਹਾਨੂੰ **ਆਪਣੇ ਕਿਸੇ ਪਾਸੇ ਦੇ ਪਰਿਵਾਰ (ਨਾਨਕੇ ਜਾਂ ਦਾਦਕੇ)** ਵਿੱਚ ਕੈਂਸਰ ਦੀ ਕੋਈ ਤਰਤੀਬ ਦੇਖਣ ਨੂੰ ਮਿਲਦੀ ਹੈ ਤਾਂ ਆਪਣੀ ਵੰਸ਼ਾਵਲੀ ਆਪਣੇ ਡਾਕਟਰ ਕੋਲ ਲੈ ਕੇ ਆਓ।

# ਕੈਂਸਰ ਆਮ ਹੈ।
# ਪੁਸ਼ਤੈਨੀ ਕੈਂਸਰ ਆਮ ਨਹੀਂ ਹੈ।

## ਪੁਸ਼ਤੈਨੀ ਕੈਂਸਰ ਕੀ ਹੁੰਦਾ ਹੈ?

ਪੁਸ਼ਤੈਨੀ ਕੈਂਸਰ ਉਹ ਕੈਂਸਰ ਹੁੰਦਾ ਹੈ ਜਿਹੜਾ ਪਰਿਵਾਰ ਵਿੱਚ ਪੁਸ਼ਤ-ਦਰ-ਪੁਸ਼ਤ ਚਲਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਜੀਨਜ਼ ਵਿੱਚ ਵਾਪਰੀ ਕੋਈ ਮਿਊਟੇਸ਼ਨ (ਤਬਦੀਲੀ) ਇੱਕ ਪੁਸ਼ਤ ਤੋਂ ਅਗਲੀ ਪੁਸ਼ਤ ਵਿੱਚ ਚਲੀ ਜਾਂਦੀ ਹੈ। ਜੀਨਜ਼ ਦੀਆਂ ਕੁਝ ਮਿਊਟੇਸ਼ਨਜ਼ ਕੈਂਸਰ ਹੋਣ ਦਾ ਖ਼ਤਰਾ ਵਧਾ ਦਿੰਦੀਆਂ ਹਨ। ਇਹੀ ਕਾਰਣ ਹੈ ਕਿ ਕੁਝ ਪਰਿਵਾਰਾਂ ਵਿੱਚ ਪੁਸ਼ਤੈਨੀ ਕੈਂਸਰ ਜਵਾਨ ਉਮਰ ਵਾਲਿਆਂ ਵਿੱਚ ਅਤੇ ਅਕਸਰ ਦੇਖਣ ਨੂੰ ਮਿਲਦਾ ਹੈ।


ਪੁਸ਼ਤੈਨੀ ਕੈਂਸਰ ਵਿੱਚ ਜੀਨਜ਼ ਦੀਆਂ ਮਿਊਟੇਸ਼ਨਜ਼ ਕਈ ਵਾਰੀ ਪਿਤਾ ਜਾਂ ਮਾਂ ਵੱਲੋਂ ਆਉਂਦੀਆਂ ਹਨ। ਹੋ ਸਕਦਾ ਹੈ ਕਿ ਜੀਨ ਮਿਊਟੇਸ਼ਨ ਨਾਲ ਜਨਮੇ ਲੋਕਾਂ ਵਿੱਚ ਕੈਂਸਰ ਵਿਕਸਿਤ ਹੋ ਜਾਵੇ ਜਾਂ ਨਾ ਵੀ ਹੋਵੇ, ਪਰ ਉਨ੍ਹਾਂ ਨੂੰ ਕੈਂਸਰ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ।

ਬਹੁਤੇ ਪਰਿਵਾਰਾਂ ਵਿੱਚ ਪੁਸ਼ਤੈਨੀ ਕੈਂਸਰ *ਨਹੀਂ* ਹੁੰਦਾ।

## ਕੀ ਮੇਰੇ ਪਰਿਵਾਰ ਨੂੰ ਪੁਸ਼ਤੈਨੀ ਕੈਂਸਰ ਦਾ ਖ਼ਤਰਾ ਹੈ?

ਲਗਭਗ ਹਰ ਕਿਸੇ ਦਾ ਅਜਿਹਾ ਕੋਈ ਰਿਸ਼ਤੇਦਾਰ ਹੈ ਜਿਸ ਨੂੰ ਕੈਂਸਰ ਹੋਇਆ ਸੀ। ਵੱਡੇ ਪਰਿਵਾਰਾਂ ਵਿੱਚ ਕਈ ਰਿਸ਼ਤੇਦਾਰ ਕੈਂਸਰ ਦਾ ਸ਼ਿਕਾਰ ਹੋਏ ਹੋ ਸਕਦੇ ਹਨ। ਕੈਂਸਰ ਵਿੱਚ ਸਭ ਤੋਂ ਵੱਡੇ ਖ਼ਤਰੇ ਦਾ ਕਾਰਣ ਉਮਰ ਹੈ। ਸਿਗਰੇਟਨੋਸ਼ੀ ਅਤੇ ਖ਼ੁਰਾਕ ਬਾਕੀ ਆਮ ਖ਼ਤਰਿਆਂ ਵਿੱਚ ਸ਼ਾਮਲ ਹਨ। ਕੁਝ ਪਰਿਵਾਰਾਂ ਵਿੱਚ ਹੋਰਨਾਂ ਦੇ ਮੁਕਾਬਲੇ ਵਧੇਰੇ ਕੈਂਸਰ ਹੁੰਦਾ ਹੈ।

**ਕੈਂਸਰ ਦਾ ਸਭ ਤੋਂ ਵਡਾ ਖ਼ਤਰਾ ਵਧਦੀ ਉਮਰ ਹੈ।**



**ਫ਼ਿਕਰ ਕਰਨ ਨਾਲ ਹਾਲਾਤ ਸੁਧਰ ਨਹੀਂ ਰਹੇ ਸਨ।**
*ਮੈਂ ਆਪਣੇ ਡਾਕਟਰ ਨਾਲ ਆਪਣੇ ਪਰਿਵਾਰਕ ਪਿਛੋਕੜ ਦਾ ਮੁਆਇਨਾ ਕੀਤਾ। ਹੁਣ ਅਸੀਂ ਇਸ ਬਾਰੇ ਕੁਝ ਕਰ ਸਕਦੇ ਹਾਂ।*

## ਜੇ ਮੈਨੂੰ ਲੱਗੇ ਕਿ ਮੇਰੇ ਪਰਿਵਾਰ ਵਿੱਚ ਪੁਸ਼ਤੈਨੀ ਕੈਂਸਰ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਯਾਦ ਰੱਖੋ ਕਿ ਕੈਂਸਰ ਪੁਸ਼ਤੈਨੀ ਕਰਣਾਂ ਕਰਕੇ ਟਾਵਾਂ-ਟਾਵਾਂ ਹੀ ਹੁੰਦਾ ਹੈ। ਜੇ ਤੁਸੀਂ ਫ਼ਿਕਰਮੰਦ ਹੋ ਤਾਂ ਆਪਣੇ ਰਿਸ਼ਤੇਦਾਰਾਂ ਨਾਲ ਗੱਲ ਕਰਕੇ ਪਤਾ ਕਰੋ ਕਿ ਕੀ ਕੋਈ ਹੋਰ ਰਿਸ਼ਤੇਦਾਰ ਪਹਿਲਾਂ ਹੀ ਇਸ ਸੰਬੰਧੀ ਪੜਤਾਲ ਤਾਂ ਨਹੀਂ ਕਰ ਰਿਹਾ। ਜੇ ਨਹੀਂ ਤਾਂ ਇਸ ਪਰਚੇ ਵਿੱਚ ਦਿੱਤੀ ਹੋਈ ਵੰਸ਼ਾਵਲੀ ਵਰਗੀ ਇੱਕ ਵੰਸ਼ਾਵਲੀ ਤਿਆਰ ਕਰੋ ਅਤੇ ਉਸ ਨੂੰ ਆਪਣੇ ਡਾਕਟਰ ਕੋਲ ਲੈ ਕੇ ਜਾਓ। ਤੁਸੀਂ ਰਲ਼ ਕੇ ਆਪਣੇ ਪਰਿਵਾਰ ਵਿੱਚ ਪੁਸ਼ਤੈਨੀ ਕੈਂਸਰ ਹੋਣ ਦੀ ਸੰਭਾਵਨਾ ਬਾਰੇ ਵਿਚਾਰ ਕਰੋਗੇ। ਜੇ ਤੁਹਾਨੂੰ ਹੈਰੀਡਿਟਰੀ ਕੈਂਸਰ ਪ੍ਰੋਗਰਾਮ (ਪੁਸ਼ਤੈਨੀ ਕੈਂਸਰ ਪ੍ਰੋਗਰਾਮ) ਲਈ ਜਾਣ ਦੀ ਲੋੜ ਹੈ ਤਾਂ ਆਪਣੇ ਡਾਕਟਰ ਨੂੰ ਕਹੋ ਕਿ ਤੁਹਾਨੂੰ ਉੱਥੇ ਭੇਜਣ ਦੀ ਸਿਫ਼ਾਰਸ਼ ਕਰੇ।

## ਹੈਰੀਡਿਟਰੀ ਕੈਂਸਰ ਪ੍ਰੋਗਰਾਮ ਕੀ ਹੈ?

ਹੈਰੀਡਿਟਰੀ ਕੈਂਸਰ ਪ੍ਰੋਗਰਾਮ ਬੀ.ਸੀ. ਕੈਂਸਰ ਏਜੰਸੀ ਦਾ ਹਿੱਸਾ ਹੈ। ਇਹ ਪ੍ਰੋਗਰਾਮ ਪੂਰੇ ਬ੍ਰਿਟਿਸ਼ ਕੋਲੰਬੀਆ ਅਤੇ ਯੂਕੌਨ ਵਿਚਲੇ ਪਰਿਵਾਰਾਂ ਅਤੇ ਲੋਕਾਂ ਲਈ ਸੇਵਾਵਾਂ ਪੇਸ਼ ਕਰਦਾ ਹੈ। ਸੇਵਾਵਾਂ ਵਿੱਚ ਜਨੈਟਿਕ ਕਾਊਂਸਲਿੰਗ (ਜਣਨਕਾਂ ਸੰਬੰਧੀ ਸਲਾਹ) ਅਤੇ ਕੈਂਸਰ ਦੀ ਜਾਂਚ ਸੰਬੰਧੀ ਜਾਣਕਾਰੀ ਸ਼ਾਮਲ ਹੈ। ਜਿਹੜੇ ਲੋਕਾਂ ਨੂੰ ਪੁਸ਼ਤੈਨੀ ਕੈਂਸਰ ਹੋਣ ਦਾ ਖ਼ਤਰਾ ਹੋਵੇ, ਉਨ੍ਹਾਂ ਨੂੰ ਜਨੈਟਿਕ ਟੈਸਟਿੰਗ (ਜਣਨਕਾਂ ਦੀ ਜਾਂਚ-ਪੜਤਾਲ) ਵੀ ਪ੍ਰਦਾਨ ਕੀਤੀ ਜਾ ਸਕਦੀ ਹੈ।

ਹੈਰੀਡਿਟਰੀ ਕੈਂਸਰ ਪ੍ਰੋਗਰਾਮ ਜਨਤਾ ਅਤੇ ਸਿਹਤ ਸੰਭਾਲ ਕਰਮਚਾਰੀਆਂ ਨੂੰ ਪੁਸ਼ਤੈਨੀ ਕੈਂਸਰ ਬਾਰੇ ਸਿੱਖਿਆ ਪ੍ਰਦਾਨ ਕਰਨ ਲਈ ਕਾਰਜ ਕਰਦਾ ਹੈ। ਇਹ ਪ੍ਰੋਗਰਾਮ ਪੁਸ਼ਤੈਨੀ ਕੈਂਸਰ ਦੇ ਸਾਰੇ ਪਹਿਲੂਆਂ ਨਾਲ ਸੰਬੰਧਤ ਖੋਜ ਨੂੰ ਵੀ ਸਹਾਰਾ ਦਿੰਦਾ ਹੈ।

## ਪੁਸ਼ਤੈਨੀ ਕੈਂਸਰ ਦੇ ਕੀ ਸੰਕੇਤ ਹੁੰਦੇ ਹਨ?

ਜੇ ਤੁਹਾਡੇ 2 ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਕੈਂਸਰ ਹੋਇਆ ਹੈ ਤਾਂ ਤੁਹਾਨੂੰ ਪੁਸ਼ਤੈਨੀ ਕੈਂਸਰ ਬਾਰੇ ਫ਼ਿਕਰ ਹੋ ਸਕਦਾ ਹੈ। ਪੁਸ਼ਤੈਨੀ ਕੈਂਸਰ ਲਈ ਇਹ ਰਿਸ਼ਤੇਦਾਰ ***ਤੁਹਾਡੇ ਪਰਿਵਾਰ ਦੇ ਇੱਕੋ ਪਾਸੇ (ਨਾਨਕੇ ਜਾਂ ਦਾਦਕੇ) ਤੋਂ ਹੋਣੇ ਚਾਹੀਦੇ ਹਨ।*** ਹੋਰਨਾਂ ਸੰਕੇਤਾਂ ਵਿੱਚ ਸ਼ਾਮਲ ਹਨ ਜਵਾਨ ਉਮਰ ਵਿੱਚ ਇੱਕੋ ਤਰ੍ਹਾਂ ਦੇ ਕੈਂਸਰ ਨਾਲ ਗ੍ਰਸਤ ਹੋਏ ਰਿਸ਼ਤੇਦਾਰ। ਕਈ ਵਾਰੀ ਪਰਿਵਾਰ ਵਿੱਚ ਵੱਖ-ਵੱਖ ਤਰ੍ਹਾਂ ਦੇ ਕੈਂਸਰਾਂ ਦਾ ਇਕੱਠ ਵੀ ਪੁਸ਼ਤੈਨੀ ਕੈਂਸਰ ਦਾ ਸੰਕੇਤ ਹੋ ਸਕਦਾ ਹੈ। ਤੁਹਾਡੇ ਨਜ਼ਦੀਕੀ ਰਿਸ਼ਤੇਦਾਰਾਂ 'ਚੋਂ ਜਿੰਨੇ ਵੱਧ ਜਣਿਆਂ ਨੂੰ ਕੈਂਸਰ ਹੋਵੇਗਾ, ਤੁਹਾਡੇ ਪੁਸ਼ਤੈਨੀ ਕੈਂਸਰ ਦੇ ਆਸਾਰ ਉਂਨੇ ਹੀ ਜ਼ਿਆਦਾ ਹੋਣਗੇ।

ਨਜ਼ਦੀਕੀ ਰਿਸ਼ਤੇਦਾਰਾਂ ਵਿੱਚ ਸ਼ਾਮਲ ਹਨ: ਬੱਚੇ, ਭਰਾ ਅਤੇ ਭੈਣਾਂ, ਮਾਪੇ ਅਤੇ ***ਇੱਕੋ ਪਾਸੇ ਦੇ ਪਰਿਵਾਰ (ਨਾਨਕੇ ਜਾਂ ਦਾਦਕੇ) ਦੇ ਮੈਂਬਰ*** - ਭੂਆਵਾਂ/ਮਾਸੀਆਂ, ਚਾਚੇ/ਤਾਏ/ਮਾਮੇ ਅਤੇ ਨਾਨਾ-ਨਾਨੀ/ਦਾਦਾ-ਦਾਦੀ।

| ✓ | ✗ |
|---|---|
| **ਪੁਸ਼ਤੈਨੀ ਕੈਂਸਰ**<br>ਤੁਹਾਡੇ ਪਿਤਾ ਜੀ ਨੂੰ 49 ਸਾਲ ਦੀ ਉਮਰ ਵਿੱਚ ਕੋਲਨ (ਮਲਾਸ਼ਾ) ਕੈਂਸਰ ਹੋਇਆ ਸੀ<br>***ਅਤੇ***<br>ਤੁਹਾਡੇ ਪਿਤਾ ਜੀ ਦੀ ਭੈਣ ਨੂੰ 47 ਸਾਲ ਦੀ ਉਮਰ ਵਿੱਚ ਕੋਲਨ (ਮਲਾਸ਼ਾ) ਕੈਂਸਰ ਹੋਇਆ ਸੀ<br>***ਅਤੇ***<br>ਤੁਹਾਡੀ ਭੈਣ ਨੂੰ 45 ਸਾਲ ਦੀ ਉਮਰ ਵਿੱਚ ਬੱਚੇਦਾਨੀ ਦਾ ਕੈਂਸਰ ਹੋਇਆ ਸੀ | **ਖ਼ਾਨਦਾਨੀ ਕੈਂਸਰ ਨਹੀਂ ਹੈ**<br>ਤੁਹਾਡੇ ਪਿਤਾ ਜੀ ਨੂੰ 72 ਸਾਲ ਦੀ ਉਮਰ ਵਿੱਚ ਗਦੂਦ ਦਾ ਕੈਂਸਰ ਹੋਇਆ ਸੀ<br>***ਅਤੇ***<br>ਤੁਹਾਡੇ ਮਾਤਾ ਜੀ ਦੇ ਭਰਾ ਨੂੰ 65 ਸਾਲ ਦੀ ਉਮਰ ਵਿੱਚ ਕੋਲਨ (ਮਲਾਸ਼ਾ) ਦਾ ਕੈਂਸਰ ਹੋਇਆ ਸੀ<br>***ਅਤੇ***<br>ਤੁਹਾਡੀ ਭੈਣ ਨੂੰ 45 ਸਾਲ ਦੀ ਉਮਰ ਵਿੱਚ ਛਾਤੀ ਦਾ ਕੈਂਸਰ ਹੋਇਆ |

## ਤੁਸੀਂ ਪੁਸ਼ਤੈਨੀ ਕੈਂਸਰ ਬਾਰੇ ਫ਼ਿਕਰਮੰਦ ਹੋ ਸਕਦੇ ਹੋ ਜੇ:

› ਤੁਹਾਡੇ ਕਈ ਰਿਸ਼ਤੇਦਾਰਾਂ ਨੂੰ ਕੋਈ ਦੁਰਲੱਭ ਕਿਸਮ ਦਾ ਕੈਂਸਰ ਹੋਇਆ ਸੀ।ਉਦਾਹਰਣ ਵਜੋਂ, ਸਾਰਕੋਮਾ (ਹੱਡੀਆਂ ਜਾਂ ਪੱਠਿਆਂ 'ਚੋਂ ਵਿਕਸਿਤ ਹੋਣ ਵਾਲਾ ਕੈਂਸਰ) ਜਾਂ ਪੈਨਕ੍ਰੀਐਟਿਕ (ਪਾਚਕ-ਗ੍ਰੰਥੀ) ਕੈਂਸਰ।
› ਤੁਹਾਡੇ ਨਜ਼ਦੀਕੀ ਰਿਸ਼ਤੇਦਾਰਾਂ ਵਿੱਚੋਂ ਕਿਸੇ ਇੱਕ ਨੂੰ ਆਮ ਨਾਲੋਂ ਘੱਟ ਉਮਰ ਵਿੱਚ ਕੈਂਸਰ ਹੋ ਗਿਆ ਸੀ। ਉਦਾਹਰਣ ਵਜੋਂ, 30ਵਿਆਂ ਦੀ ਉਮਰ ਵਿੱਚ ਮਲਾਸ਼ੇ ਦੇ ਕੈਂਸਰ ਦਾ ਸ਼ਿਕਾਰ ਹੋਇਆ ਭਰਾ ਜਾਂ ਆਪਣੀ 30ਵਿਆਂ ਦੀ ਉਮਰ ਵਿੱਚ ਛਾਤੀ ਦੇ ਕੈਂਸਰ ਦਾ ਸ਼ਿਕਾਰ ਹੋਈ ਭੈਣ।

**ਜੇ ਇਨ੍ਹਾਂ ਦੀ ਛੇਤੀ ਪਛਾਣ ਕਰ ਲਈ ਜਾਵੇ ਤਾਂ ਬਹੁਤੇ ਕੈਂਸਰਾਂ ਦਾ ਇਲਾਜ ਕੀਤਾ ਜਾ ਸਕਦਾ ਹੈ।**


BC Cancer Agency
CARE + RESEARCH
An agency of the Provincial Health Services Authority
Hereditary Cancer Program
www.bccancer.bc.ca/hereditarycancer


## ਵੰਸ਼ਾਵਲੀ ਦਾ ਨਮੂਨਾ

**ਮੇਰਾ ਦਾਦਕਾ ਪਰਿਵਾਰ:**

- 3 ਪੁਸ਼ਤਾਂ ਵਿੱਚ 3 ਲੋਕਾਂ ਨੂੰ ਮਿਲਦੇ-ਜੁਲਦੇ ਕੈਂਸਰ ਹੋਏ ਸੀ (2 ਨੂੰ ਛਾਤੀ ਦਾ ਕੈਂਸਰ, 1 ਨੂੰ ਅੰਡਕੋਸ਼ ਦਾ ਕੈਂਸਰ)।

✓ ਇਹ ਪੁਸ਼ਤੈਨੀ ਕੈਂਸਰ ਹੋ ਸਕਦਾ ਹੈ ਜਿਹੜਾ ਕਿ ਮੇਰੀ ਦਾਦੀ ਤੋਂ ਆਇਆ ਹੈ

**ਮੇਰਾ ਨਾਨਕਾ ਪਰਿਵਾਰ:**

- 1 ਜਣੇ ਨੂੰ ਬਜ਼ੁਰਗ ਅਵਸਥਾ ਦੌਰਾਨ ਗਦੂਦ ਦਾ ਕੈਂਸਰ ਹੋਇਆ ਸੀ
- 1 ਨੂੰ ਫ਼ੇਫੜਿਆਂ ਦਾ ਕੈਂਸਰ ਹੋਇਆ ਸੀ (ਉਹ ਬਹੁਤ ਸਿਗਰੇਟ ਪੀਂਦਾ ਸੀ)

✗ ਇਨ੍ਹਾਂ ਕੈਂਸਰਾਂ ਦਾ ਆਪਸ ਵਿੱਚ ਕੋਈ ਸੰਬੰਧ ਨਹੀਂ ਹੈ।

